

# ਕਰਮਚਾਰੀਆਂ ਲਈ ਨੋਟਿਸ



ਤੁਹਾਡਾ ਰੁਜ਼ਗਾਰਦਾਤਾ ਕਾਨੂੰਨ ਦੁਆਰਾ ਲੋੜ ਅਨੁਸਾਰ ਰੁਜ਼ਗਾਰ ਵਿਕਾਸ ਵਿਭਾਗ (EDD) ਨਾਲ ਰਜਿਸਟਰਡ ਹੈ ਅਤੇ ਤਨਖਾਹ ਦੀ ਰਿਪੋਰਟ ਕਰ ਰਿਹਾ ਹੈ। ਤਨਖਾਹਾਂ ਦੀ ਵਰਤੋਂ ਹੇਠਾਂ ਦਿੱਤੇ ਲਾਭ ਪ੍ਰੋਗਰਾਮਾਂ ਲਈ ਕੀਤੀ ਜਾਂਦੀ ਹੈ, ਜੋ ਤੁਹਾਡੇ ਲਈ ਉਪਲਬਧ ਹਨ।

## ਬੇਰੁਜ਼ਗਾਰੀ ਬੀਮਾ (UI)

ਰੁਜ਼ਗਾਰਦਾਤਾ ਦੇ ਟੈਕਸ ਦੁਆਰਾ ਪੂਰੀ ਤਰ੍ਹਾਂ ਫੰਡ ਦਿੱਤਾ ਜਾਂਦਾ ਹੈ

ਜਦੋਂ ਤੁਸੀਂ ਬੇਰੁਜ਼ਗਾਰ ਹੁੰਦੇ ਹੋ ਜਾਂ ਬਿਨਾਂ ਕਿਸੇ ਗਲਤੀ ਦੇ ਤੁਹਾਡੇ ਕੰਮ ਦੇ ਘੰਟੇ ਘਟਾਏ ਜਾਂਦੇ ਹਨ ਤਾਂ ਬੇਰੁਜ਼ਗਾਰੀ ਬੀਮਾ ਤੁਹਾਨੂੰ ਅੰਸ਼ਕ ਤਨਖਾਹ ਦਾ ਪ੍ਰਤੀਸਥਾਪਨ ਪ੍ਰਦਾਨ ਕਰਦਾ ਹੈ। ਬੇਰੋਜ਼ਗਾਰੀ ਲਾਭ ਪ੍ਰਾਪਤ ਕਰਨ ਲਈ ਤੁਹਾਨੂੰ ਸਾਰੀਆਂ ਯੋਗਤਾ ਸੰਬੰਧੀ ਲੋੜਾਂ ਨੂੰ ਪੂਰਾ ਕਰਨਾ ਪਵੇਗਾ।

ਲਾਭਾਂ ਲਈ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ File for Unemployment (edd.ca.gov/unemployment) ਤੇ ਜਾਓ।

## ਅਪਾਹਜਤਾ ਬੀਮਾ (DI)

ਕਰਮਚਾਰੀ ਦੇ ਯੋਗਦਾਨ ਦੁਆਰਾ ਪੂਰੀ ਤਰ੍ਹਾਂ ਫੰਡ ਦਿੱਤਾ ਜਾਂਦਾ ਹੈ

ਜਦੋਂ ਤੁਸੀਂ ਕਿਸੇ ਗੈਰ-ਕੰਮ-ਸਬੰਧਤ ਬਿਮਾਰੀ, ਸੱਟ, ਗਰਭ-ਅਵਸਥਾ, ਜਾਂ ਅਪਾਹਜਤਾ ਦੇ ਕਾਰਨ ਕੰਮ ਕਰਨ ਵਿੱਚ ਅਸਮਰੱਥ ਹੁੰਦੇ ਹੋ ਤਾਂ ਅਪਾਹਜਤਾ ਬੀਮਾ ਅੰਸ਼ਕ ਤਨਖਾਹ ਦਾ ਪ੍ਰਤੀਸਥਾਪਨ ਪ੍ਰਦਾਨ ਕਰਦਾ ਹੈ। ਅਪਾਹਜਤਾ ਲਾਭ ਪ੍ਰਾਪਤ ਕਰਨ ਲਈ ਤੁਹਾਨੂੰ ਸਾਰੀਆਂ ਯੋਗਤਾ ਲੋੜਾਂ ਨੂੰ ਪੂਰਾ ਕਰਨਾ ਪਵੇਗਾ।

ਲਾਭਾਂ ਲਈ ਅਰਜ਼ੀ ਕਿਵੇਂ ਦੇਣੀ ਹੈ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ Disability Insurance (edd.ca.gov/Disability/Disability_Insurance.htm) ਤੇ ਜਾਓ।

## ਭੁਗਤਾਨਸ਼ੁਦਾ ਪਰਿਵਾਰ ਲਈ ਛੁੱਟੀ (PFL)

ਕਰਮਚਾਰੀ ਦੇ ਯੋਗਦਾਨ ਦੁਆਰਾ ਪੂਰੀ ਤਰ੍ਹਾਂ ਫੰਡ ਦਿੱਤਾ ਜਾਂਦਾ ਹੈ

**ਜਦੋਂ ਤੁਹਾਨੂੰ ਹੇਠ ਦਿੱਤੇ ਲਈ ਕੰਮ ਤੋਂ ਛੁੱਟੀ ਲੈਣ ਦੀ ਲੋੜ ਹੁੰਦੀ ਹੈ ਉਦੋਂ ਭੁਗਤਾਨਸ਼ੁਦਾ ਪਰਿਵਾਰ ਲਈ ਛੁੱਟੀ ਤੁਹਾਨੂੰ ਅੰਸ਼ਕ ਤਨਖਾਹ ਦਾ ਪ੍ਰਤੀਸਥਾਪਨ ਪ੍ਰਦਾਨ ਕਰਦੀ ਹੈ:**

- ਗੰਭੀਰ ਤੌਰ ਤੇ ਬਿਮਾਰ ਪਰਿਵਾਰ ਦੇ ਸਦੱਸ ਦੀ ਦੇਖਭਾਲ ਕਰਨ ਲਈ।
- ਨਵੇਂ ਜੰਮੇ ਬੱਚੇ ਦੇ ਨਾਲ ਸੰਬੰਧ ਬਣਾਉਣ ਲਈ।
- ਪਰਿਵਾਰ ਦੇ ਕਿਸੇ ਸਦੱਸ ਦੀ ਕਿਸੇ ਵਿਦੇਸ਼ੀ ਦੇਸ਼ ਵਿੱਚ ਫੌਜੀ ਤੈਨਾਤੀ ਦੇ ਕਾਰਨ ਇੱਕ ਯੋਗਤਾ ਇਵੈਂਟ ਵਿੱਚ ਭਾਗ ਲੈਣ ਲਈ।

ਲਾਭਾਂ ਲਈ ਅਰਜ਼ੀ ਕਿਵੇਂ ਦੇਣੀ ਹੈ ਇਸ ਬਾਰੇ ਜਾਣਕਾਰੀ ਲਈ ਕੈਲੀਫੋਰਨੀਆ California Paid Family Leave (edd.ca.gov/PaidFamilyLeave) ਤੇ ਜਾਓ।

**ਨੋਟ:** ਉਪਰੋਕਤ ਬੀਮਾ ਪ੍ਰੋਗਰਾਮਾਂ ਦੁਆਰਾ ਕੁਝ ਕਰਮਚਾਰੀਆਂ ਨੂੰ ਕਵਰੇਜ ਤੋਂ ਛੋਟ ਮਿਲ ਸਕਦੀ ਹੈ। ਲਾਭਾਂ ਦਾ ਦਾਅਵਾ ਕਰਨ ਲਈ ਇੱਕ ਝੂਠਾ ਬਿਆਨ ਦੇਣਾ ਜਾਂ ਤੱਥਾਂ ਨੂੰ ਲੁਕਾਉਣਾ ਗੈਰ-ਕਾਨੂੰਨੀ ਹੈ। ਵਧੇਰੀ ਜਾਣਕਾਰੀ ਲਈ, EDD (edd.ca.gov) ਤੇ ਜਾਓ।

EDD ਇੱਕ ਬਰਾਬਰ ਮੌਕੇ ਦਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਅਪਾਹਜ ਵਿਅਕਤੀਆਂ ਲਈ ਬੇਨਤੀ ਕਰਨ ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੇਵਾਵਾਂ, ਸਹਾਇਤਾ, ਅਤੇ/ਜਾਂ ਵਿਕਲਪਿਕ ਫਾਰਮੈਟ ਲਈ ਬੇਨਤੀਆਂ 1-866-490-8879 (voice) ਤੇ ਕਾਲ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। TTY ਉਪਭੋਗਤਾ, ਕਿਰਪਾ ਕਰਕੇ ਕੈਲੀਫੋਰਨੀਆ ਰੀਲੇਅ ਸੇਵਾ ਨੂੰ 711 ਤੇ ਕਾਲ ਕਰਨ।